# ਲਿਖਤੀ ਪ੍ਰਕਿਰਿਆਵਾਂ - ਨਿੱਜੀ ਸੇਵਾਵਾਂ

(Written Procedures - Personal Services)

**ਨਿੱਜੀ ਸੇਵਾ ਦੇ ਸੰਚਾਲਕਾਂ ਲਈ ਲਿਖਤੀ ਪ੍ਰਕਿਰਿਆਵਾਂ ਦੇ ਟੈਂਪਲੇਟ**
(Written Procedure Templates for Personal Service Operators)

Alberta ਨਿੱਜੀ ਸੇਵਾਵਾਂ ਦੇ ਮਿਆਰ ਦੇ ਮੁਤਾਬਕ ਇਹ ਜ਼ਰੂਰੀ ਹੈ ਕਿ ਨਿੱਜੀ ਸੇਵਾ ਸੰਚਾਲਕ ਹੇਠ ਲਿਖੇ ਕੰਮਾਂ ਲਈ ਲਿਖਤੀ ਪ੍ਰਕਿਰਿਆਵਾਂ ਸਥਾਪਿਤ ਕਰੇ:

- ਚਮੜੀ ਅਤੇ ਮਿਊਕਸ ਮੈਂਬ੍ਰੇਨ ਦੀ ਸਫਾਈ ਕਰਨਾ
- ਐਂਟੀਸੈਪਟਿਕ ਉਤਪਾਦਾਂ ਦੀ ਵਰਤੋਂ
- ਨਿੱਜੀ ਸੇਵਾਵਾਂ ਲਈ ਸੇਵਾ ਤੋਂ ਬਾਅਦ ਦੀ ਦੇਖਭਾਲ ਜਿਸ ਵਿੱਚ ਚਮੜੀ ਜਾਂ ਮਿਊਕਸ ਮੈਂਬ੍ਰੇਨ ਨੂੰ ਕੱਟਿਆ ਜਾਂਦਾ ਹੋਵੇ
- ਅਚਾਨਕ ਚਮੜੀ ਦੇ ਕੱਟੇ ਜਾਣ ਜਾਂ ਟੁੱਟ ਜਾਣ ਦੀ ਸਥਿਤੀ ਵਿੱਚ ਗਾਹਕ ਦੀ ਦੇਖਭਾਲ ਕਰਨਾ
- ਕਿਸੇ ਵੀ ਸਿੰਕ ਦੀ ਸਫਾਈ ਜਿਸ ਦੀ ਵਰਤੋਂ ਹੱਥ ਧੋਣ ਅਤੇ ਉਪਕਰਣ ਮੁੜ-ਪ੍ਰਕਿਰਿਆ ਦੋਵਾਂ ਲਈ ਕੀਤੀ ਜਾਵੇ
- ਮੋਬਾਈਲ ਸਿੰਕ ਦਾ ਸੰਚਾਲਨ ਅਤੇ ਸਾਂਭ - ਸੰਭਾਲ ਕਰਨਾ
- ਉਪਕਰਣਾਂ ਦੀ ਸਫਾਈ ਲਈ ਰੋਗਾਣੂ ਨਾਸ਼ਕ ਸੰਕੇਤ (sterility indicators) ਦੇ ਅਸਫਲ ਹੋਣ ਦੀ ਸਥਿਤੀ ਵਿੱਚ ਤੁਸੀਂ ਕੀ ਕਰਨਾ ਹੈ।

ਨਿੱਜੀ ਸੇਵਾ ਦੇ ਮਿਆਰ ਦੀ ਪਾਲਣਾ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ, Alberta Health Services ਨੇ ਲਿਖਤੀ ਪ੍ਰਕਿਰਿਆਵਾਂ ਦੇ ਟੈਂਪਲੇਟਾਂ ਦਾ ਇਹ ਪੈਕੇਜ ਤਿਆਰ ਕੀਤਾ ਹੈ। ਇਹ ਟੈਂਪਲੇਟ ਜਾਣਕਾਰੀ ਦੇ ਉਦੇਸ਼ਾਂ ਅਤੇ ਮਾਰਗ ਦਰਸ਼ਨ ਲਈ ਹਨ। ਟੈਂਪਲੇਟਾਂ ਦੀ ਵਰਤੋਂ "ਉਪਲਬਧ ਮੁਤਾਬਕ" ਕਰਨਾ ਨਿੱਜੀ ਸੇਵਾਵਾਂ ਦੇ ਮਿਆਰ ਦੀ ਪਾਲਣਾ ਦੀ ਗਰੰਟੀ ਨਹੀਂ ਦਿੰਦਾ ਹੈ। ਤੁਹਾਨੂੰ ਆਪਣੀਆਂ ਕਾਰੋਬਾਰੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਟੈਂਪਲੇਟਾਂ ਵਿੱਚ ਬਦਲਾਅ ਕਰਨੇ ਪੈ ਸਕਦੇ ਹਨ। ਤੁਸੀਂ ਆਪਣੀ ਖੁਦ ਦੀਆਂ ਨਿੱਜੀ ਲਿਖਤੀ ਪ੍ਰਕਿਰਿਆਵਾਂ ਬਣਾਉਣ ਦਾ ਫੈਸਲਾ ਵੀ ਕਰ ਸਕਦੇ ਹੋ।

ਨਿੱਜੀ ਸੇਵਾਵਾਂ ਦੇ ਸਾਰੇ ਕਰਮਚਾਰੀਆਂ ਦਾ ਤੁਹਾਡੇ ਵੱਲੋਂ ਆਪਣੇ ਕਾਰੋਬਾਰ ਲਈ ਬਣਾਈਆਂ ਗਈਆਂ ਲਿਖਤੀ ਪ੍ਰਕਿਰਿਆਵਾਂ ਨੂੰ ਸਮਝਣਾ ਅਤੇ ਉਹਨਾਂ ਦੀ ਪਾਲਣਾ ਕਰਨਾ ਲਾਜ਼ਮੀ ਹੁੰਦਾ ਹੈ।

## ਚਮੜੀ ਦੀ ਸਫ਼ਾਈ ਕਰਨ ਲਈ ਲਿਖਤੀ ਪ੍ਰਕਿਰਿਆ ਦਾ ਟੈਂਪਲੇਟ
## (Written Procedure Template for Cleansing Skin)

ਸਮੀਖਿਆ - ਕਰਤਾ:____________________ਮਿਤੀ:__________

| | |
|---|---|
| ਨਿੱਜੀ ਸੇਵਾਵਾਂ ਦੇ ਕਾਰੋਬਾਰ ਦਾ ਨਾਮ | |
| ਉਹ ਸੇਵਾਵਾਂ ਜਿਹਨਾਂ ਲਈ ਚਮੜੀ ਦੀ ਸਫਾਈ ਦੀ ਲੋੜ ਹੁੰਦੀ ਹੈ: | |

ਕੋਈ ਵੀ ਸੇਵਾ ਦੇਣ ਤੋਂ ਪਹਿਲਾਂ ਗਾਹਕ ਦੇ ਸਰੀਰਕ ਹਿੱਸਿਆਂ ਨੂੰ ਸਾਫ਼ ਕਰੋ ਜੋ:

- ਮਿਊਕਸ ਮੈਂਬ੍ਰੇਨ ਦੇ ਸੰਪਰਕ ਵਿੱਚ ਆਉਂਦਾ ਹੈ
- ਚਮੜੀ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜਾਂ
- ਚਮੜੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਜਦੋਂ ਕਿਸੇ ਸੇਵਾ ਤੋਂ ਪਹਿਲਾਂ ਗਾਹਕ ਦੀ ਚਮੜੀ ਦੀ ਸਫਾਈ ਕਰਨ ਦੀ ਲੋੜ ਹੁੰਦੀ ਹੈ, ਤਾਂ ਇਹਨਾਂ ਹਿਦਾਇਤਾਂ ਦੀ ਪਾਲਣਾ ਕਰੋ:

1. ਨਿੱਜੀ ਸੇਵਾਵਾਂ ਦੇ ਮਾਨਕਾਂ (ਸੈਕਸ਼ਨ 2.5 ਤੋਂ ਸੈਕਸ਼ਨ 2.10) ਵਿੱਚ ਹੱਥਾਂ ਦੀ ਸਫਾਈ ਅਤੇ ਦਸਤਾਨੇ ਦੀ ਵਰਤੋਂ ਦੇ ਤਹਿਤ ਦੱਸੇ ਅਨੁਸਾਰ ਆਪਣੇ ਹੱਥਾਂ ਦੀ ਸਫ਼ਾਈ ਕਰੋ
2. ਗਾਹਕ ਦੀ ਚਮੜੀ, ਵਾਲ, ਨਹੁੰ, ਦੰਦ, ਜਾਂ ਸਰੀਰਕ ਹਿੱਸਿਆਂ ਦੀ ਜਾਂਚ ਕਰੋ ਜੇ ਕਿਸੇ ਗਾਹਕ ਨੂੰ (Injection) ਲੱਗ ਜਾਵੇ (Infection), ਕੀੜੇ ਲੱਗ ਜਾਣ (Infestation), ਜਾਂ ਖਾਰਸ਼ (Irritation) ਦੇ ਲੱਛਣ ਹੋਣ, ਤਾਂ ਉਹਨਾਂ ਨੂੰ ਨਿੱਜੀ ਸੇਵਾ ਉਪਲਬਧ ਨਾ ਕਰਾਓ
3. ਨਿੱਜੀ ਸੇਵਾ ਦੌਰਾਨ ਚਮੜੀ ਅਤੇ ਸਰੀਰਕ ਹਿੱਸਿਆਂ 'ਤੇ ਕਿਸੇ Cleanser ਦੀ ਵਰਤੋਂ ਕਰੋ Cleansing (ਸਫਾਈ) ਉਤਪਾਦ ਦੀ ਜਾਣਕਾਰੀ ਇੱਥੇਲਿਖੋ:

| | |
|---|---|
| Cleansing ਉਤਪਾਦ ਦਾ ਨਾਮ: | |
| Cleansing ਉਤਪਾਦ ਦੀ ਕਿਸਮ: | [ ] ਵਾਇਪਸ (Wipes)<br>[ ] ਜੈੱਲ (Gel)<br>[ ] ਕ੍ਰੀਮਾਂ (Creams)<br>[ ] ਐਂਟੀਮਾਇਕ੍ਰੋਬਾਇਲ/ ਜਰਮੀਸਾਇਡ (Antimicrobial / Germicide)<br>[ ] ਹੋਰ: |

4. ਧੂੜ, ਤੇਲ, ਮੇਕਅਪ, Skin Products, ਮਰ ਚੁੱਕੀ ਚਮੜੀ, ਵਾਧੂ Cleanser, ਜਾਂ ਕਿਸੇ ਹੋਰ ਤਰ੍ਹਾਂ ਦੀ ਦਿਖਾਈ ਦੇਣ ਵਾਲੀ ਗੰਦਗੀ ਨੂੰ ਹਟਾਉਣ ਲਈ ਸਾਫ਼ ਵਾਈਪ, ਤੌਲੀਏ, ਜਾਂ ਪਾਣੀ ਦੀ ਵਰਤੋਂ ਕਰੋ।
5. Cleansing ਉਤਪਾਦਾਂ ਦੀ ਸੁਰੱਖਿਅਤ ਵਰਤੋਂ ਲਈ ਨਿਰਮਾਤਾ ਦੀਆਂ ਹਿਦਾਇਤਾਂ ਅਤੇ, ਕੋਈ ਵੀ ਹੋਰ ਵਧੀਕ ਹਿਦਾਇਤਾਂ ਇੱਥੇ ਲਿਖੋ:

6. ਜਾਂਚ ਕਰੋ ਕਿ ਗਾਹਕ ਦੀ ਚਮੜੀ ਜਾਂ ਮਿਊਕਸ ਮੈਂਬ੍ਰੇਨ ਸਾਫ਼ ਦਿਖਾਈ ਦਿੰਦੀ ਹੈ ਜਾਂ ਨਹੀਂ, ਅਤੇ ਜੇ ਨਿਰਧਾਰਤ ਹਿੱਸਾ ਦਿਖਣ ਵਿੱਚ ਸਾਫ ਨਹੀਂ ਹੈ, ਤਾਂ ਕਦਮ 3-4 ਨੂੰ ਦੁਹਰਾਓ।

## ਐਂਟੀਸੈਪਟਿਕ ਲਗਾਉਣ ਲਈ ਲਿਖਤੀ ਪ੍ਰਕਿਰਿਆ ਦਾ ਟੈਂਪਲੇਟ
## (Written Procedure Template for Applying Antiseptic)

ਸਮੀਖਿਆ - ਕਰਤਾ:____________________ਮਿਤੀ:__________

| | |
|---|---|
| ਨਿੱਜੀ ਸੇਵਾਵਾਂ ਦੇ ਕਾਰੋਬਾਰ ਦਾ ਨਾਮ | |
| ਉਹ ਸੇਵਾਵਾਂ ਜਿਨ੍ਹਾਂ ਲਈ ਐਂਟੀਸੈਪਟਿਕ ਦੀ ਲੋੜ ਹੁੰਦੀ ਹੈ: | |

ਅਜਿਹੀ ਕੋਈ ਵੀ ਸੇਵਾ ਜਿਸ ਵਿੱਚ ਗਾਹਕ ਦੀ ਚਮੜੀ ਕੱਟ ਲੱਗ ਜਾਂਦਾ ਹੈ, ਸੇਵਾਵਾਂ ਉਪਲਬਧ ਕਰਾਉਣ ਤੋਂ ਪਹਿਲਾਂ ਇੱਕ ਐਂਟੀਸੈਪਟਿਕ ਲਗਾਓ ਐਂਟੀਸੈਪਟਿਕ

- ਚਮੜੀ ‘ਤੇ ਸੂਖਮਜੀਵਾਂ ਦੇ ਵਿਕਾਸ ਨੂੰ ਘੱਟ ਕਰਦੇ ਹਨ, ਰੋਕਦੇ ਹਨ ਜਾਂ ਕਾਬੂ ਕਰਦੇ ਹਨ, ਅਤੇ
- ਇਸ ਦਾ ਇੱਕ ਡਰੱਗ ਪਛਾਣ ਨੰਬਰ (DIN) ਜਾਂ ਕੁਦਰਤੀ ਉਤਪਾਦ ਨੰਬਰ (ਨੈਚੁਰਲ ਪ੍ਰੋਡਕਟ ਨੰਬਰ (NPN)) ਹੁੰਦਾ ਹੈ।

ਜਦੋਂ ਕਿਸੇ ਗਾਹਕ ਦੀ ਸੇਵਾ ਤੋਂ ਪਹਿਲਾਂ ਐਂਟੀਸੈਪਟਿਕ ਦੀ ਲੋੜ ਹੋਵੇ, ਤਾਂ ਇਹਨਾਂ ਹਿਦਾਇਤਾਂ ਦੀ ਪਾਲਣਾ ਕਰੋ:

1. ਨਿੱਜੀ ਸੇਵਾਵਾਂ ਦੇ ਮਿਆਰ (ਸੈਕਸ਼ਨ 2.5 ਤੋਂ ਸੈਕਸ਼ਨ 2.10) ਵਿੱਚ ਹੱਥਾਂ ਦੀ ਸਫਾਈ ਅਤੇ ਦਸਤਾਨੇ ਦੀ ਵਰਤੋਂ ਦੇ ਤਹਿਤ ਦੱਸੇ ਅਨੁਸਾਰ ਆਪਣੇ ਹੱਥਾਂ ਦੀ ਸਫ਼ਾਈ ਕਰੋ
2. ਗਾਹਕ ਦੀ ਚਮੜੀ ਦੀ ਸਫ਼ਾਈ ਕਰੋ ” ਚਮੜੀ ਦੀ ਸਫ਼ਾਈ ਕਰਨ ਸੰਬੰਧੀ ਲਿਖਤੀ ਪ੍ਰਕਿਰਿਆਵਾਂ ਦੀ ਪਾਲਣਾ ਕਰੋ
3. ਤੁਹਾਡੇ ਦੁਆਰਾ ਵਰਤੇ ਜਾਣ ਵਾਲੇ ਐਂਟੀਸੈਪਟਿਕ ਉਤਪਾਦ ਦਾ ਨਾਮ ਅਤੇ ਇਸਦਾ DIN ਜਾਂ NPN ਲਿਖੋ:

| | |
|---|---|
| ਐਂਟੀਸੈਪਟਿਕ ਉਤਪਾਦ ਦਾ ਨਾਮ: | |
| [ ] DIN ਜਾਂ [ ] INPN #: | |

4. ਐਂਟੀਸੈਪਟਿਕ ਨਿਰਮਾਤਾ ਦੀਆਂ ਹਿਦਾਇਤਾਂ ਨੂੰ ਪੜ੍ਹੋ। ਇਹ ਤਸਦੀਕ ਕਰੋ ਕਿ ਉਤਪਾਦ ਨੂੰ ਚਮੜੀ ‘ਤੇ ਵਰਤੇ ਜਾਣ ਦੀ ਇਜ਼ਾਜ਼ਤ ਹੈ ਜਾਂ ਨਹੀਂ।
5. ਐਂਟੀਸੈਪਟਿਕ ਨੂੰ ਗਾਹਕ ਦੀ ਚਮੜੀ ਅਤੇ ਸਰੀਰਕ ਹਿੱਸੇ ‘ਤੇ ਲਗਾਓ। ਵਰਤੋਂ ਦੀਆਂ ਹਿਦਾਇਤਾਂ ਲਈ ਐਂਟੀਸੈਪਟਿਕ ਉਤਪਾਦ ਦਾ ਲੇਬਲ ਦੇਖੋ। ਨਿਰਮਾਤਾ ਦੀਆਂ ਹਿਦਾਇਤਾਂ ਨੂੰ ਇੱਥੇ ਲਿਖੋ:
6. ਐਂਟੀਸੈਪਟਿਕ ਕੱਢਣ ਦੇ ਤਰੀਕੇ ਦੀ ਜਾਂਚ ਕਰੋ:
    - [ ] ਇੱਕ ਵਾਰ ਵਰਤੋਂ ਵਾਲੇ ਪੈਕੇਜ
    - [ ] ਅਸਲ ਕੰਟੇਨਰ ਤੋਂI
    - [ ] ਇਹਨਾਂ ਰਾਹੀਂ ਸਿੱਧਾ ਚਮੜੀ ‘ਤੇ ਲਗਾਇਆ ਗਿਆ:
        - [ ] ਸਕਵੀਜ਼ ਬੋਤਲ (Squeese Bottle)
        - [ ] ਤੁਪਕਾ
        - [ ] ਸਪਰੇ
        - [ ] ਹੋਰ:

## ਸੇਵਾ ਤੋਂ ਬਾਅਦ ਦੀ ਦੇਖਭਾਲ ਲਈ ਲਿਖਤੀ ਪ੍ਰਕਿਰਿਆ ਦਾ ਟੈਂਪਲੇਟ
## (Written Procedure Template for Post - Service Care)

ਸਮੀਖਿਆ - ਕਰਤਾ:____________________ਮਿਤੀ:__________

ਗਾਹਕ ਨੂੰ ਸੇਵਾ ਤੋਂ ਬਾਅਦ ਦੀ ਦੇਖਭਾਲਉਪਲਬਧ ਕਰਾਓ, ਜੇ ਉਹਨਾਂ ਨੂੰ ਇਹਨਾਂ ਵਿੱਚੋਂ ਕੋਈ ਸੇਵਾ ਦਿੱਤੀ ਜਾਂਦੀ ਹੈ:

- ਜਿਸ ਵਿੱਚ ਉਰਜਾ ਛੱਡਣ ਵਾਲੇ (Energy Emitting) ਉਪਕਰਣ ਦੀ ਵਰਤੋਂ ਕੀਤੀ ਜਾਂਦੀ ਹੈ
- ਜਿਸ ਵਿੱਚ ਗਲਤੀ ਨਾਲ ਚਮੜੀ ਜਾਂ ਮਿਊਕਸ ਮੈਂਬ੍ਰੇਨ ਫੱਟ ਜਾਂਦੀ ਹੈ
- ਜਿਸ ਵਿੱਚ ਜਾਣ - ਬੁੱਝਕੇ ਚਮੜੀ ਜਾਂ ਮਿਊਕਸ ਮੈਂਬ੍ਰੇਨ ਨੂੰ ਕੱਟਿਆ ਜਾਂਦਾ ਹੈ।

ਉਹ ਸੇਵਾ ਜਿਸ ਵਿੱਚ ਉਰਜਾ ਛੱਡਣ ਵਾਲੇ ਉਪਕਰਣ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਨਿਰਮਾਤਾ ਵੱਲੋਂ ਦਿੱਤੀਆਂ ਗਈਆਂ ਗਾਹਕ ਦੇਖਭਾਲ ਹਿਦਾਇਤਾਂ ਦੀ ਪਾਲਣਾ ਕਰੋ।

ਜਦੋਂ ਕਿਸੇ ਗਾਹਕ ਦੀ ਚਮੜੀ ਵਿੱਚ ਅਚਾਨਕ ਕੱਟ ਲੱਗ ਜਾਵੇ ਜਾਂ ਛੇਕ ਹੋ ਜਾਵੇ, ਤਾਂ “ਅਚਾਨਕ ਚਮੜੀ ਦੇ ਕੱਟਾਂ ਜਾਂ ਛੇਕ ਹੋਣ ‘ਤੇ ਲਿਖਤੀ ਪ੍ਰਕਿਰਿਆਵਾਂ" ਦੀ ਪਾਲਣਾ ਕਰੋ।

ਜਦੋਂ ਕਿਸੇ ਨਿੱਜੀ ਸੇਵਾ ਵਿੱਚ ਚਮੜੀ ਜਾਂ ਮਿਊਕਸ ਮੈਂਬ੍ਰੇਨ ਵਿੱਚ ਲੋੜ ਪੈਣ 'ਤੇ ਛੇਕ ਕਰਨਾ ਸ਼ਾਮਲ ਹੁੰਦਾ ਹੈ, ਤਾਂ ਇਹਨਾਂ ਹਿਦਾਇਤਾਂ ਦੀ ਪਾਲਣਾ ਕਰੋ:

1. ਨਿੱਜੀ ਸੇਵਾਵਾਂ ਦੇ ਮਿਆਰ (ਸੈਕਸ਼ਨ 2.5 ਤੋਂ ਸੈਕਸ਼ਨ 2, 10) ਵਿੱਚ ਹੱਥਾਂ ਦੀ ਸਫਾਈ ਅਤੇ ਦਸਤਾਨੇ ਦੀ ਵਰਤੋਂ ਦੇ ਤਹਿਤ ਦੱਸੇ ਅਨੁਸਾਰ ਆਪਣੇ ਹੱਥਾਂ ਦੀ ਸਫ਼ਾਈ ਕਰੋ
2. ਇੱਕ ਸਾਫ਼ ਕੱਪੜੇ ਜਾਂ ਇੱਕ ਵਾਰ ਵਰਤੋਂ ਵਾਲੇ ਡਿਸਪੋਜ਼ੇਬਲ ਤੌਲੀਏ ਨਾਲ ਚਮੜੀ ਅਤੇ ਸਰੀਰਕ ਹਿੱਸਿਆਂ ਨੂੰ ਸਾਫ਼ ਕਰੋ। ਰਹਿੰਦ - ਖੂੰਹਦ ਵਾਲੇ ਖੂਨ, ਸਰੀਰਕ ਤਰਲ ਪਦਾਰਥ, ਸਿਆਹੀ, ਜਾਂ ਹੋਰ ਦੂਸ਼ਿਤ ਤੱਤਾਂ ਨੂੰ ਹਟਾਓ, ਕਿਉਂਕਿ ਇਹ ਇਲਾਜ ਵਿੱਚ ਰੁਕਾਵਟ ਬਣ ਸਕਦੇ ਹਨ।
3. ਗਾਹਕ ਦੀ ਚਮੜੀ ਦੀ ਸਫ਼ਾਈ ਕਰੋ " ਚਮੜੀ ਦੀ ਸਫ਼ਾਈ ਕਰਨ ਸੰਬੰਧੀ ਲਿਖਤੀ ਪ੍ਰਕਿਰਿਆਵਾਂ " ਦੀ ਪਾਲਣਾ ਕਰੋ
4. ਕੋਈ ਚਮੜੀ ਉੱਤੇ ਲਗਾਉਣ ਵਾਲਾ ਲੋਸ਼ਨ, ਕ੍ਰੀਮ ਜਾਂ ਲੇਪ ਲਗਾਓ ਉਤਪਾਦ ਨਿਰਮਾਤਾ ਦੀਆਂ ਹਿਦਾਇਤਾਂ ਨੂੰ ਲਿਖੋ ਅਤੇ ਉਹਨਾਂ ਦੀ ਪਾਲਣਾ ਕਰੋ।I

| | |
|---|---|
| ਚਮੜੀ ਉੱਤੇ ਲਗਾਉਣ ਵਾਲੇ ਉਤਪਾਦ ਦਾ ਨਾਮ: | |
| ਨਿਰਮਾਤਾ ਦੀਆਂ ਹਿਦਾਇਤਾਂ | |

5. ਚਮੜੀ ਜਾਂ ਸਰੀਰਕ ਹਿੱਸੇ 'ਤੇ ਇੱਕ ਨਵੀਂ, ਸਾਫ਼ ਪੱਟੀ ਦੀ ਵਰਤੋਂ ਕਰੋ। ਉਤਪਾਦ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ। Bandage ਜਾਂ ਪੱਟੀ ਦੀ ਕਿਸਮ ਹੇਠਾਂ ਲਿਖੋ:

| | |
|---|---|
| ਪੱਟੀ ਦਾ ਨਾਮ: | |
| ਨਿਰਮਾਤਾ ਦੀਆਂ ਹਿਦਾਇਤਾਂ: | |

6. ਸੇਵਾ ਦੌਰਾਨ ਵਰਤੇ ਜਾਣ ਵਾਲੇ ਉਤਪਾਦਾਂ ਲਈ ਕੋਈ ਵੀ ਹੋਰ ਵਿਸ਼ੇਸ਼ ਹਿਦਾਇਤਾਂ ਲਿਖੋ:
7. ਗਾਹਕ ਨੂੰ ਬਾਅਦ ਦੀ ਦੇਖਭਾਲ ਲਈ ਮੌਖਿਕ ਅਤੇ ਲਿਖਤੀ ਹਿਦਾਇਤਾਂ ਦਿਓ।

## ਅਚਾਨਕ ਚਮੜੀ 'ਤੇ ਕੱਟ ਲੱਗਣ 'ਤੇ ਜਾਂ ਛੇਕ ਹੋ ਜਾਣ 'ਤੇ ਲਿਖਤੀ ਪ੍ਰਕਿਰਿਆ ਦਾ ਟੈਂਪਲੇਟ (Written Procedure Template for Accidental Skin Cuts or Punctures)

ਸਮੀਖਿਆ - ਕਰਤਾ:____________________ਮਿਤੀ:__________

ਅਚਾਨਕ ਚਮੜੀ ਦੇ ਕੱਟ ਲੱਗਣ 'ਤੇ ਜਾਂ ਛੇਕ ਹੋਣ ਦੀ ਸਥਿਤੀ ਵਿੱਚ, ਇਹਨਾਂ ਹਿਦਾਇਤਾਂ ਦੀ ਪਾਲਣਾ ਕਰੋ ;

1. ਸੇਵਾ ਬੰਦ ਕਰ ਦਿਓ।
2. ਖੂਨ ਦੇ ਵਹਾਅ ਨੂੰ ਨਿਯੰਤ੍ਰਿਤ ਕਰੋ
3. ਕੱਟ ਜਾਂ ਛੇਕਾਂ ਤੇ ਦਬਾਅ ਪਾਓ। ਸਾਫ਼ ਜਾਂ ਰੋਗਾਣੂ ਮੁਕਤ ਸਮੱਗਰੀ ਦੀ ਵਰਤੋਂ ਕਰੋ। ਕਈ ਮਿੰਟਾਂ ਲਈ ਰੋਕ ਕੇ ਰੱਖੋ। ਜੇ ਸਮੱਗਰੀ ਖੂਨ ਨਾਲ ਭਿੱਜ ਜਾਂਦੀ ਹੈ, ਤਾਂ ਸਮੱਗਰੀ ਦੇ ਪਹਿਲੇ ਹਿੱਸੇ ਨੂੰ ਚੁੱਕੇ ਬਿਨਾਂ ਹੋਰ ਸਮੱਗਰੀ ਦੀ ਵਰਤੋਂ ਕਰੋ।
4. ਕੱਟ ਜਾਂ ਛੇਕ ਦਾ ਮੁਲਾਂਕਣ ਕਰੋ ਅਤੇ ਦੇਖੋ ਕਿ ਐਮਰਜੈਂਸੀ ਦੇਖਭਾਲ ਦੀ ਲੋੜ ਹੈ ਜਾਂ ਨਹੀਂ ਐਮਰਜੈਂਸੀ ਲਈ 9-1-1 'ਤੇ ਕਾਲ ਕਰੋ ਜਾਂ ਫਿਰ ਜੇ ਪੂਰੀ ਜਾਣਕਾਰੀ ਨਹੀਂ ਹੈ ਕਿ ਕੀ ਕਰਨਾ ਹੈ, ਤਾਂ ਹੋਰ ਸਲਾਹ ਲਈ Health Link ਨੂੰ 8-1-1 ਤੇ ਕਾਲ ਕਰੋ। ਵੱਡੇ, ਡੂੰਘੇ, ਗੰਦੇ ਜਖਮਾਂ ਲਈ, ਜਾਂ ਜੇ ਜਖ਼ਮ ਨੂੰ ਸਾਫ਼ ਕਰਨ ਵੇਲੇ ਬਹੁਤ ਤਕਲੀਫ਼ ਹੋਵੇ ਤਾਂ ਡਾਕਟਰੀ ਸਹਾਇਤਾ ਲਓ।

ਛੋਟੇ ਜਖਮਾਂ ਲਈ ਜਿਨ੍ਹਾਂ ਨੂੰ ਸਾਈਟ 'ਤੇ ਹੀ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ:

5. ਜਖ਼ਮ ਨੂੰ ਸਾਫ਼ ਕਰਨ ਜਾਂ ਪੱਟੀ ਕਰਨ ਤੋਂ ਪਹਿਲਾਂ ਨਿੱਜੀ ਸੇਵਾਵਾਂ ਦੇ ਮਿਆਰ (ਸੈਕਸ਼ਨ 2.5 ਤੋਂ ਸੈਕਸ਼ਨ 2.10) ਵਿੱਚ ਹੱਥਾਂ ਦੀ ਸਫਾਈ ਅਤੇ ਦਸਤਾਨੇ ਦੀ ਵਰਤੋਂ ਦੇ ਤਹਿਤ ਦੱਸੇ ਅਨੁਸਾਰ ਆਪਣੇ ਹੱਥਾਂ ਦੀ ਸਫ਼ਾਈ ਕਰੋ।
6. ਇੱਕ ਵਾਰ ਵਰਤੋਂ ਵਾਲੇ ਸਾਫ ਦਸਤਾਨੇ ਪਾਓ।
7. ਜੇ ਸੰਭਵ ਹੋਵੇ, ਤਾਂ ਗਾਹਕ ਨੂੰ ਖੁਦ ਹੀ ਜਖ਼ਮ ਨੂੰ ਸਾਫ ਕਰਨ ਅਤੇ ਢੱਕ ਕੇ ਰੱਖਣ ਲਈ ਉਤਸ਼ਾਹਿਤ ਕਰੋ ਉਹਨਾਂ ਨੂੰ ਵੀ ਲਾਜ਼ਮੀ ਤੌਰ 'ਤੇ ਪਹਿਲਾਂ ਹੱਥਾਂ ਦੀ ਸਫਾਈ ਕਰਨੀ ਚਾਹੀਦੀ ਹੈI
8. ਜੇ ਗਾਹਕ ਨੂੰ ਤੁਰੰਤ ਡਾਕਟਰ ਨੂੰ ਦਿਖਾਉਣ ਦੀ ਜ਼ਰੂਰਤ ਨਹੀਂ ਪੈਂਦੀ, ਅਤੇ ਖੂਨ ਨਿਕਲਣਾ ਬੰਦ ਹੋ ਜਾਂਦਾ ਹੈ, ਤਾਂ ਫਿਰ ਗਾਹਕ ਨੂੰ ਆਪਣੇ ਜਖ਼ਮ ਨੂੰ ਪੀਣ ਯੋਗ ਪਾਣੀ ਦੇ ਨਾਲ ਧੋਣ ਲਈ ਕਹੋ।
9. ਜਖ਼ਮ ਨੂੰ ਸਾਫ ਜਾਂ ਰੋਗਾਣੂ ਮੁਕਤ ਪੱਟੀ ਨਾਲ ਢੱਕੋ। ਸਹੀ ਵਰਤੋਂ ਲਈ ਪੱਟੀ ਦੇ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ
10. ਹੋਰ ਕਿਸੇ ਵੀ ਅਜਿਹੀ ਸੇਵਾ ਤੋਂ ਪਰਹੇਜ਼ ਕਰੋ ਜਿਸ ਨਾਲ ਜਖ਼ਮ ਜਾਂ ਆਲੇ - ਦੁਆਲੇ ਦੇ ਹਿੱਸੇ ਵਿੱਚ ਫੈਲਾਅ ਹੋਵੇ ਜਾਂ ਲਾਗ ਲੱਗ ਸਕਦੀ ਹੋਵੇ।

11. ਗਾਹਕ ਨੂੰ ਅਗਲੇ ਕੁਝ ਦਿਨਾਂ ਤੱਕ ਲਾਗ ਦੇ ਸੰਕੇਤਾਂ ਦੀ ਨਿਗਰਾਨੀ ਕਰਨ ਲਈ ਕਹੋ, ਅਤੇ ਜੇ ਕੋਈ ਚਿੰਤਾ ਵਾਲੀ ਗੱਲ ਲੱਗਦੀ ਹੈ ਤਾਂ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਲੈਣ ਲਈ ਕਹੋ

**ਹਵਾਲੇ**
**(References)**

https://myhealth.alberta.ca/Health/pages/conditions.aspx?hwid=tp22233spec
https://www.redcross.ca/crc/documents/comprehensive_guide_for_firstaidcpr_en.pdf

## ਹੱਥ ਧੋਣ ਅਤੇ ਉਪਕਰਣ Re-Processing ਲਈ ਰੋਗਾਣੂ ਮੁਕਤ ਕਰਨ ਵਾਲੇ ਸਿੰਕ ਲਈ ਲਿਖਤੀ ਪ੍ਰਕਿਰਿਆ ਦਾ ਟੈਂਪਲੇਟ (Written Procedure Template for Handwashing and Equipment Re-Processing Sink Decontamination)

ਸਮੀਖਿਆ ਕਰਤਾ:____________________ਮਿਤੀ:__________

ਉਪਕਰਣ Re-Processing ਲਈ ਵਰਤੇ ਜਾਣ ਵਾਲੇ ਕਿਸੇ ਵੀ ਸਿੰਕ ਵਿੱਚ ਉਦੋਂ ਤੱਕਹੱਥ ਨਹੀਂ ਧੋਣੇ ਚਾਹੀਦੇ, ਜਦੋਂ ਤੱਕ ਅਜਿਹੀ ਕੋਈ ਲਿਖਤੀ ਪ੍ਰਕਿਰਿਆ ਨਾ ਹੋਵੇ ਜਿਸਦੀ ਨਿੱਜੀ ਸੇਵਾਵਾਂ ਦੇ ਕਰਮਚਾਰੀ ਸਿੰਕ ਦੀ ਜਗ੍ਹਾ ਨੂੰ Re-Processing ਅਤੇ ਹੱਥ ਧੋਣ ਦੀਆਂ ਗਤੀਵਿਧੀਆਂ ਦੇ ਵਿਚਕਾਰ ਉਚਿਤ ਢੰਗ ਨਾਲ ਸਾਫ਼ ਕਰਨ ਅਤੇ ਰੋਗਾਣੂ ਮੁਕਤ ਕਰਨ ਲਈ ਪਾਲਣਾ ਕਰਨ।

ਜੇ ਇੱਕੋ ਸਿੰਕ ਦੀ ਵਰਤੋਂ ਹੱਥ ਧੋਣ ਅਤੇ ਉਪਕਰਣਾਂ ਦੀ Re-Processing ਲਈ ਕੀਤੀ ਜਾਂਦੀ ਹੈ, ਤਾਂ ਇਹ ਲਿਖਤੀ ਪ੍ਰਕਿਰਿਆਵਾਂ ਲੋੜੀਂਦੇ ਰੋਗਾਣੂ ਮੁਕਤੀ ਦੇ ਕਦਮਾਂ ਦਾ ਵਰਣਨ ਕਰਦੀਆਂ ਹਨ।

1. ਜੇ ਤੁਸੀਂ ਗੰਦੇ ਉਪਕਰਣ ਦੀ ਸੰਭਾਲ ਕਰਰਹੇ ਹੋ ਅਤੇ / ਜਾਂ ਜੇ ਕੋਈ ਤਰਲ ਪਦਾਰਥ ਡੁੱਲ੍ਹ ਸਕਦਾ ਹੈ, ਤਾਂ ਨਿੱਜੀ ਸੁਰੱਖਿਆ ਉਪਕਰਣ (Personal Protective Equipment, PPE) ਪਾਓ, ਜਿਵੇਂ ਕਿ ਦਸਤਾਨੇ ਅਤੇ ਸੁਰੱਖਿਆ ਚਸ਼ਮੇ ਵਰਤੇ ਗਏ PPE ਦੀ ਕਿਸਮ ਲਿਖੋ।

| | |
|---|---|
| PPE ਦੀ ਕਿਸਮ: | |

2. ਸਿੰਕ ਤੋਂ ਸਾਰੀਆਂ ਚੀਜ਼ਾਂ ਹਟਾ ਦਿਓ
3. Sink Basin, ਐਪਰਨ, ਟੂਟੀਆਂ, ਅਤੇ ਨਲ ਦੀ ਸਾਬਣ ਅਤੇ ਪਾਣੀ ਨਾਲ ਸਫਾਈ ਕਰੋ ਤੁਹਾਡੇ ਦੁਆਰਾ ਵਰਤੇ ਜਾਂਦੇ ਸਫਾਈ ਉਪਕਰਣ ਬਾਰੇ ਲਿਖੋ (ਉਦਾਹਰਣ ਵਜੋਂ, ਸਫਾਈ ਉਤਪਾਦ ਦਾ ਨਾਮ, ਬੁਰਸ਼, ਸਪੰਜ)।

| | |
|---|---|
| ਸਫਾਈ ਉਪਕਰਣ: | |

4. ਕਿਸੇ ਸਾਫ ਤੌਲੀਏ ਨਾਲ ਸਿੰਕ ਦੇ ਆਸ-ਪਾਸ ਸੁਕਾਓ। ਤੁਹਾਡੇ ਦੁਆਰਾ ਵਰਤੇ ਜਾਣ ਵਾਲੇ ਤੌਲੀਏ ਦੀ ਕਿਸਮ ਲਿਖੋ (ਜਿਵੇਂ ਕਾਗਜ਼, ਮਾਈਕ੍ਰੋਫਾਈਬਰ)

| | |
|---|---|
| ਤੌਲੀਏ ਦੀ ਕਿਸਮ: | |

5. ਸਿੰਕ ਨੂੰ ਘੱਟੋ ਤੋਂ ਘੱਟ, ਨਿਮਨ ਪੱਧਰ ਦੇ ਰੋਗਾਣੂ ਨਾਸ਼ਕ ਨਾਲ ਰੋਗਾਣੂ ਮੁਕਤ ਕਰੋ ਵਰਤੋਂ ਅਤੇ ਸੰਪਰਕ ਸਮੇਂ ਲਈ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ ਵਰਤੇ ਗਏ ਰੋਗਾਣੂ ਨਾਸ਼ਕ ਦਾ ਵੇਰਵਾ ਲਿਖੋ (ਡਰੱਗ ਪਛਾਣ ਨੰਬਰ ਜਾਂ ਮੈਡੀਕਲ ਡਿਵਾਈਸ (Medical Device) ਦਾ ਲਾਇਸੰਸ ਵੀ ਸ਼ਾਮਲ ਕਰੋ) |

| | |
|---|---|
| ਰੋਗਾਣੂ ਨਾਸ਼ਕ ਦਾ ਵੇਰਵਾ: | |
| DIN ਜਾਂ MDL #: | |

## ਮੋਬਾਈਲ ਸਿੰਕ ਦੇ ਸੰਚਾਲਨ ਲਈ ਲਿਖਤੀ ਪ੍ਰਕਿਰਿਆ ਦਾ ਟੈਂਪਲੇਟ

## (Written Procedure Template for Operating a Mobile Sink)

ਸਮੀਖਿਆ - ਕਰਤਾ:____________________ਮਿਤੀ:__________

ਮੋਬਾਈਲ ਸਿੰਕਕੰਮ ਕਰਨ ਦੀ ਸਥਿਤੀ ਅਤੇ ਸਾਫ - ਸੁਥਰੀ ਹਾਲਤ ਵਿੱਚ ਰੱਖੇ ਜਾਣ ਅਤੇ ਸੰਚਾਲਿਤ ਕੀਤੇ ਜਾਣ ਮੋਬਾਈਲ ਸਿੰਕ ਦੇ ਸੰਚਾਲਨ ਸਮੇਂ, ਇਹਨਾਂ ਹਿਦਾਇਤਾਂ ਦੀ ਪਾਲਣਾ ਕਰੋ। ਨਾਲ ਹੀ, ਸਿੰਕ ਨਿਰਮਾਤਾ ਦੀਆਂ ਹਿਦਾਇਤਾਂ ਨੂੰ ਇਹਨਾਂ ਲਿਖਤੀ ਪ੍ਰਕਿਰਿਆਵਾਂ ਵਿੱਚ ਸ਼ਾਮਲ ਕਰੋ

**ਵਰਤੋਂ ਤੋਂ ਪਹਿਲਾਂ**

**(PRIOR TO USE)**

1. ਨਿਰਧਾਰਤ ਕਰੋ ਕਿ ਟੈਂਕ ਕੌਣ ਭਰੇਗਾ ਅਤੇ ਟੈਂਕ ਕਿੱਥੇ ਭਰਿਆ ਜਾਵੇਗਾ staffing ਬਾਰੇ ਵਿਚਾਰ ਕਰੋ: ਉਦਾਹਰਣ ਦੇ ਲਈ, ਇੱਕ ਇੱਕ ਹੀ ਸਟਾਫ਼ ਹੋਣ ਦੀ ਸਥਿਤੀ ਵਿੱਚ, ਸਟਾਫ ਟੈਂਕ ਨੂੰ ਭਰਣ ਲਈ ਕਿਵੇਂ ਬਾਹਰ ਨਿਕਲ ਸਕੇਗਾ?
2. ਮੋਬਾਈਲ ਸਿੰਕ ਅਤੇ ਇਸਦੇ ਹਿੱਸਿਆਂ ਦਾ ਮੁਆਇਨਾ ਕਰੋ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸਾਫ ਦਿਖਾਈ ਦਿੰਦਾ ਹੈ ਜਾਂ ਨਹੀਂ ਅਤੇ ਚੰਗੀ ਕਾਰਜਕਾਰੀ ਹਾਲਤ ਵਿੱਚ ਹੈ ਜਾਂ ਨਹੀਂ। ਇਸਦੇ ਹਿੱਸਿਆਂ ਵਿੱਚ ਸ਼ਾਮਲ ਹੋ ਸਕਦੇ ਹਨ:

ਬੇਸਿਨ, ਨਲ, ਟੂਟੀਆਂ, ਪਾਣੀ ਦੀਆਂ ਪਾਈਪਾਂ, ਜਾਲ, ਨਾਲੀਆਂ, ਫਿਟਿੰਗਾਂ, ਪੰਪ, ਗਰਮ ਪਾਣੀ ਦਾ ਹੀਟਰ, ਪੀਣ ਯੋਗ ਪਾਣੀ ਦੀਆਂ ਟੈਂਕੀਆਂ, ਗ੍ਰੇ ਪਾਣੀ ਦੀਆਂ ਟੈਂਕੀਆਂ, ਅਤੇ ਆਮ Finishing

3. ਕਿਸੇ ਵੀ ਤਰ੍ਹਾਂ ਦੀਆਂ ਪਛਾਣੀਆਂ ਗਈਆਂ ਕਮੀਆਂ ਨੂੰ ਠੀਕ ਕਰੋ ਅਤੇ / ਜਾਂ ਸਾਫ ਕਰੋ ਮੋਬਾਈਲ ਸਿੰਕ ਦੇ ਹਿੱਸਿਆਂ 'ਤੇ ਕਲੀਨਰ ਜਾਂ ਰੋਗਾਣੂ ਨਾਸ਼ਕ ਦੀ ਵਰਤੋਂ ਕਰਦੇ ਸਮੇਂ ਨਿਰਮਾਤਾ ਦੀਆਂ ਹਿਦਾਇਤਾਂ ਅਤੇ ਕੰਮ ਵਾਲੀ ਥਾਂ ਲਈ ਖਾਸ ਹਿਦਾਇਤਾਂ ਦੀ ਪਾਲਣਾ ਕਰੋ। ਲੋੜੀਂਦੀ ਮੁਰੰਮਤ ਹੋਣ ਤੱਕ ਜਾਂ ਵਿਕਲਪਿਕ ਪ੍ਰਬੰਧ ਪੂਰੇ ਹੋਣ ਤੱਕ ਸੰਚਾਲਨ ਬੰਦ ਕਰਨ ਬਾਰੇ ਵਿਚਾਰ ਕਰੋ।
4. ਸਿੰਕ ਵਿੱਚ ਜ਼ਰੂਰੀ ਸਪਲਾਈਆਂ ਨੂੰ ਜਮ੍ਹਾਂ ਕਰਕੇ ਰੱਖੋ, ਜਿਵੇਂ ਕਿ: Liquid Soap (ਤਰਲ ਸਾਬਣ), ਇੱਕ ਵਾਰ - ਵਰਤੋਂ ਵਾਲੇ ਤੌਲੀਏ, ਬੁਰਸ਼, ਕਲੀਨਰ, ਅਤੇ ਰੋਗਾਣੂ ਨਾਸ਼ਕ 5 ਪੀਣ ਯੋਗ ਪਾਣੀ ਦੀਆਂ ਟੈਂਕੀਆਂ ਨੂੰ ਪੀਣ ਯੋਗ ਪਾਣੀ ਨਾਲ ਭਰੇ ਸਾਫ - ਸਫਾਈ ਲਈ ਪਾਣੀ ਦੇ ਸਰੋਤ ਅਤੇ ਭਰਨ ਵਾਲੀਆਂ ਥਾਵਾਂ ਦਾ ਮੁਲਾਂਕਣ ਕਰੋ।
5. ਸੈਨੇਟਰੀਸੀਵਰ ਜਾਂ ਡ੍ਰੇਨ ਵਿੱਚ ਬਚੇ ਗੰਦੇ ਪਾਣੀ ਦੀਆਂ ਟੈਂਕੀਆਂ ਨੂੰ ਖਾਲੀ ਕਰੋ। ਜ਼ਮੀਨ 'ਤੇ ਪਾਣੀ ਨਾ ਡੋਲ੍ਹੋ।
6. ਜਦੋਂ ਵੀ ਸੰਭਵ ਹੋਵੇ ਮੋਬਾਈਲ ਸਿੰਕਾਂ ਦੇ ਸਾਫ਼ ਪਾਣੀ ਨੂੰ ਨਗਰ - ਨਿਗਮ ਵਾਲੀ ਪੀਣ ਯੋਗ ਪਾਣੀ ਪ੍ਰਣਾਲੀ ਨਾਲ ਅਤੇ ਗੰਦੇ ਪਾਣੀ ਨੂੰ ਨਗਰ – ਨਿਗਮ ਦੀ ਗੰਦੇ ਪਾਣੀ ਵਾਲੀ ਪ੍ਰਣਾਲੀ ਨਾਲ ਜੋੜੋ।
7. ਜਾਂਚ ਕਰੋ ਕਿ ਨਲ ਦਾ ਪਾਣੀ ਲੋੜ ਅਨੁਸਾਰ ਪ੍ਰੈਸ਼ਰ ਵਾਲਾ ਅਤੇ ਲੋੜ ਅਨੁਸਾਰ ਗਰਮ ਹੋਵੇ।

**<u>ਵਰਤੋਂ ਦੇ ਦੌਰਾਨ</u>**

**<u>(DURING USE)</u>**

8. ਗੰਦੇ ਪਾਣੀ ਦੀ ਟੈਂਕੀ ਦੀ ਮਾਤਰਾ ਦੀ ਨਿਗਰਾਨੀ ਕਰੋ। ਲੋੜ ਅਨੁਸਾਰ ਖਾਲ੍ਹੀ ਕਰੋ।
9. ਪੀਣ ਯੋਗ ਪਾਣੀ ਦੀ ਟੈਂਕੀ ਦੀ ਮਾਤਰਾ ਦੀ ਨਿਗਰਾਨੀ ਕਰੋ ਇਸ ਨੂੰ ਲੋੜ ਅਨੁਸਾਰ ਭਰੋ
10. ਸਿੰਕ ਸਪਲਾਈਆਂ ਦੀ ਨਿਗਰਾਨੀ ਕਰੋ ਲੋੜ ਅਨੁਸਾਰ ਦੁਬਾਰਾ ਭਰੋI
11. ਜੇ ਸਿੰਕ ਦੀ ਵਰਤੋਂ ਹੱਥ ਧੋਣ ਅਤੇ ਉਪਕਰਣ Re-Processing ਲਈ ਕੀਤੀ ਜਾਣੀ ਹੈ, ਤਾਂ "ਹੱਥ ਧੋਣ ਅਤੇ ਉਪਕਰਣ Re-Processing ਵਾਲੇ ਸਿੰਕ ਦੀ ਸਫਾਈ ਲਈ ਲਿਖਤੀ ਪ੍ਰਕਿਰਿਆਵਾਂ" ਦੀ ਪਾਲਣਾ ਕਰੋ।

**<u>ਵਰਤੋਂ ਤੋਂ ਬਾਅਦ</u>**

**<u>(AFTER USE)</u>**

12. ਬੇਸਿਨ, ਪਾਣੀ ਦੀਆਂ ਪਾਈਪਾਂ, ਅਤੇ ਬਚੇ ਹੋਏ ਪਾਣੀ ਦੀਆਂ ਟੈਂਕੀਆਂ ਨੂੰ ਖਾਲ੍ਹੀ ਕਰੋ।
13. ਕੰਮ ਵਾਲੀ ਥਾਂ ਲਈ ਨਿਰਧਾਰਤ ਲਿਖਤੀ ਪ੍ਰਕਿਰਿਆਵਾਂ ਵਿੱਚ ਦੱਸੇ ਅਨੁਸਾਰ ਸਿੰਕ ਨੂੰ ਸਟੋਰ ਕਰੋ

## ਰੋਗਾਣੂ ਨਾਸ਼ਕ ਸੰਕੇਤ ਕੰਮ ਕਰਨਾ ਬੰਦ ਕਰਨ ‘ਤੇ ਜਾਂ ਫਿਰ ਜ਼ਮੀਨੀ ਮਾਪਦੰਡ ਬਿਨਾਂ ਕਿਸੇ ਕਾਰਣ ਬਦਲ ਜਾਣ ‘ਤੇ ਤੁਹਾਡੇ ਵੱਲੋਂ ਕੀਤੇ ਜਾਣ ਵਾਲੇ ਕੰਮ

## (Actions to be taken for Failed SterilityIndicator or Unexplained Physical Parameter Change)

ਸਮੀਖਿਆ - ਕਰਤਾ:___________________ਮਿਤੀ:__________

On-site ਰੋਗਾਣੂ ਮੁਕਤੀ ਦੀ ਵਰਤੋਂ ਕਰਦੀਆਂ ਕੰਮ ਵਾਲੀਆਂ ਥਾਵਾਂ ਲਈ, ਜੇ ਰੋਗਾਣੂ ਮੁਕਤੀ ਪ੍ਰਕਿਰਿਆ ਦਾ ਕੋਈ ਵੀ ਹਿੱਸਾ ਲੋੜ ਮੁਤਾਬਕ ਕੰਮ ਨਹੀਂ ਕਰਦਾ ਹੈ, ਤਾਂ ਹੇਠਾਂ ਦਿੱਤੇ ਫਾਰਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਰੋਗਾਣੂ ਮੁਕਤੀ ਵਿੱਚ ਕਮੀਆਂ ਦੀ ਪਛਾਣ ਕਰੋ ਅਤੇ ਹੱਲ ਕਰੋ ਅਤੇ ਫਿਰ ਸਾਰੇ ਪ੍ਰਭਾਵਿਤ ਉਪਕਰਣਾਂ ਨੂੰ Re-Process ਕਰੋ। ਪ੍ਰਭਾਵਿਤ ਉਪਕਰਣਾਂ ਵਿੱਚ ਉਹ ਸਾਰੇ ਉਪਕਰਣ ਸ਼ਾਮਲ ਹਨ ਜੋ ਪਿਛਲੇ ਚੱਕਰ ਤੋਂ ਪ੍ਰੋਸੈਸਿੰਗ ਅਧੀਨ ਰਹੇ ਹਨ ਅਤੇ ਜਿਨ੍ਹਾਂ ਨੂੰ ਰੋਗਾਣੂ ਮੁਕਤ ਕਰਨ ਵਿੱਚ ਕੋਈ ਗਲਤੀ ਨਹੀਂ ਹੋਈ ਸੀ।

| | |
|---|---|
| ਨਿੱਜੀ ਸੇਵਾਵਾਂ ਦੇ ਕਾਰੋਬਾਰ ਦਾ ਨਾਮ: | |
| ਉਹ ਸੇਵਾਵਾਂ ਜਿਨ੍ਹਾਂ ਲਈ ਰੋਗਾਣੂ ਮੁਕਤੀ ਦੀ ਲੋੜ ਹੁੰਦੀ ਹੈ: | |
| ਪਛਾਣ ਕੀਤੀ ਅਸਫਲਤਾ ਦੀ ਮਿਤੀ ਅਤੇ ਸਮਾਂ:<br>(ਮਮ/ਦਦ/ਸਸਸਸ;ਘਘ:ਮਮ) | |
| ਕਰਮਚਾਰੀ ਦਾ ਨਾਮ: | |
| ਕਰਮਚਾਰੀ ਦੇ ਦਸਤਖਤ: | |
| ਰੋਗਾਣੂ ਮੁਕਤੀ ਦੀ ਕਿਸਮ / ਮਾਡਲ: | [ ] ਗ੍ਰੈਵਿਟੀ- ਡਿਸਪਲੇਸਮੈਂਟ ਜਾਂ ਸਟੀਮ- ਫਲੱਸ਼ ਪ੍ਰੈਸ਼ਰ- ਪਲਸ (Gravity - Displacement ਜਾਂ Steem- Flush Pressure- Pulse)<br>[ ] ਪ੍ਰੀ-ਵੈਕਿਊਮ- ਡਾਇਨੈਮਿਕ ਏਅਰ ਰੀਮੂਵਲ (Pre- Vacuum – Dynamic Air Removal)<br>[ ] ਤੁਰੰਤ ਵਰਤੋਂ ਵਾਲਾ ਭਾਫ ਵਾਲਾ ਸਟਰਲਾਈਜ਼ਰ (Immediate Use Steam Sterilizer, IUSS)<br>[ ] ਹੋਰ: |
| ਸਟਰਲਾਈਜ਼ਰ ਦਾ ਸਥਾਨ: | |
| ਅਸਫਲਤਾ ਦੀ ਕਿਸਮ (ਲਾਗੂ ਹੋਣ ਵਾਲੇ ਸਾਰਿਆਂ ਤੇ ਸਹੀ ਦਾ ਨਿਸ਼ਾਨ ਲਗਾਓ): | [ ] ਰੋਗਾਣੂ ਮੁਕਤੀ ਦੇ ਖਰਾਬ ਹੋਏ ਪਾਊਚ / ਪੈਕ<br>[ ] ਸ਼ਰਤਾਂ ਪੂਰੀਆਂ ਨਾ ਕਰਦੇ ਜ਼ਮੀਨੀ ਮਾਪਦੰਡ<br>[ ] ਅਸਫਲ ਰਸਾਇਣਕ ਨਿਗਰਾਨੀ<br>[ ] ਅਸਫਲ ਜੈਵਿਕ ਨਿਗਰਾਨੀ<br>[ ] ਦੂਸ਼ਿਤ ਪੈਕੇਜ (ਭਾਵ ਗੰਦੇ ਜਾਂ ਗਿੱਲੇ ਪਾਊਚ)<br>[ ] ਗਲਤ ਲੇਬਲਿੰਗ<br>[ ] ਓਵਰਫਿਲਡ ਸਟਰਲਾਇਜ਼ਰ (Overfilled Sterilizer)<br>[ ] ਇਕੁਇਪਮੈਂਟ ਸਟੈਕਿੰਗ (Equipment Stacking)<br>[ ] ਹੋਰ: |
| ਪ੍ਰਭਾਵਿਤ ਉਪਕਰਣ ਦੇ ਵੇਰਵੇ ਵਿੱਚ, ਲੋਡ ਨੰਬਰ ਅਤੇ ਸਮੱਗਰੀ ਦਾ ਵਰਣਨ ਸ਼ਾਮਲ ਹੈ: | |

| | |
|---|---|
| ਕੀਤੇ ਗਏ ਕੰਮ – ਪ੍ਰਭਾਵਿਤ ਉਪਕਰਣ: | [ ]ਪਿਛਲੇ ਸੰਤੁਸ਼ਟੀਜਨਕ ਚੱਕਰ ਤੋਂ ਬਾਅਦ ਦੇ ਸਬਜੈਕਟ ਲੋਡ ਵਿੱਚ Re Process ਕੀਤੇ ਗਏ ਸਾਰੇ ਉਪਕਰਣਾਂ ਨੂੰ ਸੇਵਾ ਤੋਂ ਹਟਾਓ<br>[ ] ਪਿਛਲੇ ਉਸ ਰੋਗਾਣੂ ਮੁਕਤੀ ਚੱਕਰ ਦੀ ਮਿਤੀ / ਸਮਾਂ ਜਿੱਥੇ ਕੋਈ ਗਲਤੀ ਨਹੀਂ ਹੋਈ:<br>[ ] ਸਿਰਫ ਪਹਿਲਾਂ ਤੋਂ ਰੋਗਾਣੂ ਮੁਕਤ ਹੋਈਆਂ ਇੱਕ ਵਾਰ ਵਰਤੋਂ ਵਾਲੀਆਂ ਚੀਜਾਂ ਦੀ ਵਰਤੋਂ<br>[ ] ਇੱਕ ਵਿਕਲਪਿਕ ਸਟਰਲਾਈਜ਼ਰ ਦੀ ਵਰਤੋਂ ਕਰੋ ਜੋ ਰੋਗਾਣੂ ਮੁਕਤੀ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ<br>[ ] ਹੋਰ: |
| ਕੀਤੇ ਗਏ ਕੰਮ ਅਸਫਲ ਸਟਰਲਾਈਜ਼ਰ ਯੂਨਿਟ: | [ ] ਸਟਰਲਾਈਜ਼ਰ ਨੂੰ ਵਰਤੋਂ ਤੋਂ ਬਾਹਰ ਕੀਤਾ ਗਿਆ<br>[ ] ਸਟਰਲਾਈਜ਼ਰ ਦੀ ਸਰਵਿਸ / ਮੁਰੰਮਤ ਕੀਤੀ ਗਈ<br>[ ] ਸਰਵਿਸ ਦੀ ਮਿਤੀ<br>[ ] ਹੋਰ: |
| ਸਟਰਲਾਈਜ਼ਰ ਦੀ ਯੋਗਤਾ: | [ ] ਸਟਰਲਾਈਜ਼ਰ ਦੀ ਯੋਗਤਾ ਦੀ ਜਾਂਚ ਮੁਰੰਮਤ ਹੋਣ ਤੋਂ ਬਾਅਦ ਕੀਤੀ ਗਈ ਹੈ।<br>[ ] ਟੈਸਟ ਪੈਕ ਵਰਤਿਆ ਗਿਆ: ਹਾਂ / ਨਹੀਂ<br>[ ] Dynamic Air Removal  Sterilizer (ਖਾਲੀ ਚੈਂਬਰ ਵਿੱਚ ਟੈਸਟ ਕੀਤਾ ਗਿਆ)<br>[ ] ਏਅਰ – ਡਿਟੈਕਸ਼ਨ ਪ੍ਰੋਸੈਸ ਚੈਲੇਂਜ ਡਿਵਾਈਸ (air detection process challenge device, PCD) ਵਰਤਿਆ ਗਿਆ<br>[ ] ਬੋਵੀ – ਡਿਕਟੈਸਟ (Bovi Dicktest) ਪੈਕ ਵਰਤਿਆ ਗਿਆ<br>[ ] Gravity - Displacement  Sterilizer (ਟੈਸਟ ਪੂਰੀ ਤਰ੍ਹਾਂ ਲੋਡ ਕੀਤੇ ਚੈਂਬਰ ਵਿੱਚ ਕੀਤਾ ਗਿਆ) (ਜੇ ਸਟਰਲਾਈਜ਼ਰ ਗ੍ਰੇਵਿਟੀ ਅਤੇ ਡਾਇਨੈਮਿਕ ਏਅਰ ਰਿਮੂਵਲ ਦੋਵੇ ਚੱਕਰ ਪੈਦਾ ਕਰਦਾ ਹੈ, ਤਾਂ ਦੋਵਾਂ ਚੱਕਰਾਂ ਦੀ ਜਾਂਚ ਕੀਤੀ ਜਾਵੇਗੀ)<br>[ ] ਹੋਰ: |

**Contact us at 1-833-476-4743 or submit a request online at ahs.ca/eph.**

PUB-0945-202006

©2020Alberta Health Services, Safe Healthy Environments

This work is licensed under a Creative Commons Attribution-Non-commercial-Share Alike 4.0 International license. You are free to copy, distribute and adapt the work for non-commercial purposes, as long as you attribute the work to Alberta Health Services and abide by the other license terms. If you alter, transform, or build upon this work, you may distribute the resulting work only under the same, similar, or compatible license. The license does not apply to content for which the Alberta Health Services is not the copyright owner.

This material is intended for general information only and is provided on an "as is," "where is" basis. Although reasonable efforts were made to confirm the accuracy of the information, Alberta Health Services does not make any representation or warranty, express, implied or statutory, as to the accuracy, reliability, completeness, applicability or fitness for a particular purpose of such information.